# ਪ੍ਰੋਜੈਕਟ ਅਧੀਨ ਕੰਮ ਕਰਵਾਉਣ ਸਬੰਧੀ ਪ੍ਰਮੁੱਖ ਨਿਯਮ ਅਤੇ ਸ਼ਰਤਾਂ

- ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਪ੍ਰੋਜੈਕਟ ਲਈ ਵਰਲਡ ਬੈਂਕ ਦੁਆਰਾ 1280 ਕਰੋੜ ਰੁਪਏ ਦੀ ਮਨਜ਼ੂਰੀ ਦਿੱਤੀ ਗਈ ਹੈ।
- ਇਸ ਪ੍ਰੋਜੈਕਟ ਅਧੀਨ ਜਲ-ਸਪਲਾਈ ਅਤੇ ਸੈਨੀਟੇਸ਼ਨ ਦੀਆਂ ਸੁਵਿਧਾਵਾਂ ਮੁਹੱਈਆ ਕੀਤੀਆਂ ਜਾਣੀਆਂ ਹਨ ਅਤੇ ਪ੍ਰੋਜੈਕਟ ਅਗਲੇ ਪੰਜ ਸਾਲਾਂ ਵਿੱਚ ਮੁਕੰਮਲ ਕੀਤਾ ਜਾਵੇਗਾ।
- ਮੁਕੰਮਲ ਯੋਜਨਾਂ, ਤਕਨੀਕੀ ਡਿਜਾਈਨ ਅਤੇ ਪਾਣੀ ਦੇ ਸਰੋਤ ਸਬੰਧੀ ਫੈਸਲਾ ਪਿੰਡਾਂ ਦੇ ਵਸਨੀਕਾਂ ਨਾਲ ਵਿਚਾਰ ਵਟਾਂਦਰੇ ਅਤੇ ਸਹਿਮਤੀ ਨਾਲ ਲਿਆ ਜਾਵੇਗਾ।
- ਲਾਈਨ ਐਸਟੀਮੇਟ (ਰਫ ਕਾਸਟ ਤਖਮੀਨੇ) ਜਲ-ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਤਿਆਰ ਕੀਤੇ ਜਾਣਗੇ।
- ਸਕੀਮ ਦੇ ਕੰਮ ਦੀ ਉਸਾਰੀ ਲਈ ਟੈਂਡਰ ਬੁਲਾਉਣ ਤੋਂ ਪਹਿਲਾਂ ਲਾਭਪਾਤਰੀਆਂ ਦੇ ਬਣਦੇ ਹਿੱਸੇ ਦੀ ਪੂਰੀ ਰਕਮ ਇਕੱਠੀ ਕਰਨੀ ਜਰੂਰੀ ਹੋਵੇਗੀ।
- ਕੰਮ ਸ਼ੁਰੂ ਕਰਨ ਤੋਂ ਪਹਿਲਾਂ GPWSC ਵੱਲੋਂ ਕੰਮ ਦੀ ਕੁਝ ਲਾਗਤ ਦੀ 40% ਰਕਮ ਸਿੰਗਲ ਵਿਲੇਜ ਵਾਲੀ ਸਕੀਮ ਲਈ GPWSC ਨੂੰ ਜਾਰੀ ਕੀਤੀ ਜਾਵੇਗੀ ਜਦਕਿ ਮਲਟੀ ਵਿਲੇਜ ਸਕੀਮ ਲਈ Common ਫੈਸਿਲਟੀ ਜਿਵੇਂ ਕਿ ਓ.ਐਚ.ਐਸ.ਆਰ., ਟਿਊਬਵੈਲ, ਮਸ਼ੀਨਰੀ, ਪੰਪ ਚੈਂਬਰ ਅਤੇ ਪਿੰਡ ਦੇ ਐਂਟਰੀ ਪੁਆਇੰਟ ਤੱਕ ਪਾਈਪਾਂ ਨੂੰ ਵਿਛਾਉਣ ਆਦਿ, ਲਈ ਲੋੜੀਂਦੀ ਰਕਮ ਕਾਰਜਕਾਰੀ ਇੰਜੀਨੀਅਰ (ਉਪਰੇਸ਼ਨ ਵਿੰਗ) ਨੂੰ ਫੰਡਜ ਰਿਲੀਜ ਕੀਤੀ ਜਾਵੇਗੀ, ਜਦੋਂ ਕਿ ਪਿੰਡ ਦੇ ਅੰਦਰਲੇ ਕੰਮਾਂ ਲਈ ਲੋੜੀਂਦੀ ਰਕਮ GPWSC ਦੇ ਖਾਤੇ ਵਿੱਚ ਜਮ੍ਹਾਂ ਕਰਵਾਈ ਜਾਵੇਗੀ।
- GPWSC ਵੱਲੋਂ ਪਹਿਲੀ ਕਿਸ਼ਤ ਦੀ 60% ਵਰਤੋਂ ਉਪਰੰਤ ਕੰਮ ਦੀ ਅਨੁਮਾਨਤ ਲਾਗਤ ਦੇ 40% ਦੇ ਬਰਾਬਰ ਰਕਮ ਦੀ ਦੂਜੀ ਕਿਸ਼ਤ ਜਾਰੀ ਕੀਤੀ ਜਾਵੇਗੀ।
- ਪਹਿਲੀ ਅਤੇ ਦੂਜੀ ਕਿਸ਼ਤ ਦੀ 60% ਵਰਤੋਂ ਕਰਨ ਉਪਰੰਤ DPMC ਵੱਲੋਂ ਕੁਲ ਲਾਗਤ ਦੀ ਹੋਰ 10% ਰਕਮ GPWSC ਨੂੰ ਰਿਲੀਜ ਕਰ ਦਿੱਤੀ ਜਾਵੇਗੀ।
- ਅੰਤਿਮ 10% ਰਾਸ਼ੀ ਦੀ ਕਿਸ਼ਤ ਸਕੀਮ ਕੰਪਲੀਸ਼ਨ ਰਿਪੋਰਟ ਤਿਆਰ ਕਰਨ ਅਤੇ ਕੰਨਕਰੰਟ ਆਡੀਟਰ ਵੱਲੋਂ ਮੰਨਜ਼ੂਰ ਹੋਣ ਉਪਰੰਤ ਦਿੱਤੀ ਜਾਵੇਗੀ।
- ਸਿੰਗਲ ਵਿਲੇਜ ਸਕੀਮ ਅਧੀਨ ਸਾਰੇ ਕੰਮ ਨੂੰ ਮੁਕੰਮਲ ਕਰਨ ਲਈ 9 ਮਹੀਨਿਆਂ ਦੇ ਪ੍ਰੀ-ਪਲੈਨਿੰਗ ਫੇਜ ਨੂੰ ਮੁਕੰਮਲ ਕਰਨ ਉਪਰੰਤ ਇੱਕ ਸਾਲ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ।

- ਇੰਜੀਨੀਅਰਿੰਗ ਸਰਵੇ ਅਤੇ ਡਿਟੇਲਡ ਸਕੀਮ ਰਿਪੋਰਟ (ਡੀ.ਐਸ.ਆਰ.) ਤਿਆਰ ਕਰਨ ਦਾ ਕੰਮ, ਸਮੇਤ ਸਲਾਨਾ ਦੇਖਭਾਲ ਅਤੇ ਉਪਰੇਸ਼ਨ ਪਲੈਨ ਵਿਭਾਗ ਵੱਲੋਂ ਤਿਆਰ ਕੀਤਾ ਜਾਵੇਗਾ ਅਤੇ ਇਸ ਸਬੰਧੀ ਵੀ ਸਬੰਧਤ ਗ੍ਰਾਂਮ ਸਭਾ ਨਾਲ ਵਿਚਾਰ ਵਟਾਂਦਰ ਕੀਤਾ ਜਾਵੇਗਾ।
- ਸਾਰੀਆਂ ਤਕਨੀਕੀ ਡਿਟੇਲਾਂ ਅਤੇ ਡੀਟੇਲਡ ਸਕੀਮ ਰਿਪੋਰਟਾਂ ਅਤੇ ਡੀ.ਐਨ.ਆਈ.ਟੀ. ਆਦਿ ਵਿਭਾਗ ਵੱਲੋਂ ਤਿਆਰ ਕੀਤੀਆਂ ਜਾਣਗੀਆਂ।
- ਸਿੰਗਲ ਵਿਲੇਜ ਸਕੀਮ ਅਧੀਨ ਸਾਰੇ ਕੰਮ ਲਈ ਅਤੇ ਮਲਟੀ-ਵਿਲੇਜ ਸਕੀਮਾਂ ਦੇ ਅੰਦਰਲੇ ਕੰਮਾਂ (ਡਿਸਟ੍ਰੀਬਿਊਸ਼ਨ ਸਿਸਟਮ) ਲਈ ਟੈਂਡਰ ਗ੍ਰਾਂਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀ (GPWSC) ਵੱਲੋਂ ਕਾਲ ਕੀਤੇ ਜਾਣਗੇ।
- ਸਿੰਗਲ ਵਿਲੇਜ ਸਕੀਮਾਂ ਦਾ ਕੰਮ ਗ੍ਰਾਂਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ (GPWSC) ਵੱਲੋਂ ਹੇਠਾਂ ਦਰਸਾਏ ਦੋ ਵਿਧੀਆਂ ਨਾਲ ਕਰਵਾਇਆ ਜਾ ਸਕਦਾ ਹੈ :-

  ਵਿਧੀ - 1

  ਇੱਕੋ ਜਿੰਮੇਵਾਰ ਏਜੰਸੀ ਰਾਹੀਂ :-

  (ੳ) ਵਾਟਰ ਜਿੰਮੇਵਾਰ ਏਜੰਸੀ ਰਾਹੀਂ

  (ਅ) ਡਿਸਟ੍ਰੀਬਿਊਸ਼ਨ ਸਿਸਟਮ

  ਵਿਧੀ - 2: ਤਿੰਨ- ਪੈਕੇਜ ਸਿਸਟਮ ਰਾਹੀਂ

  (ੳ) ਟਿਊਬਵੈਲ ਅਤੇ ਮਸ਼ਨਰੀ ਰਾਹੀਂ

  (ਅ) ਓਵਰ ਹੈਡ ਰੈਜਰਵਾਇਰ ਅਤੇ ਸਿਵਲ ਸਟਰਕਚਰ

  (ੲ) ਡਿਸਟ੍ਰੀਬਿਊਸ਼ਨ ਸਿਸਟਮ
- ਉਕਤ ਦਰਸਾਏ ਪੈਕੇਜ ਡਿਸਟ੍ਰੀਬਿਊਸ਼ਨ ਸਿਸਟਮ ਦਾ ਕੰਮ ਪਿੰਡ ਦੇ ਵਸਨੀਕਾਂ ਵੱਲੋਂ ਸਾਜੋ-ਸਮਾਨ ਵਖਰੇ ਤੌਰ ਤੇ ਖਰੀਦ ਕੇ ਅਤੇ ਲੇਬਰ ਦਾ ਕੰਮ ਪਿੰਡ ਦੇ ਲੋਕਾਂ ਰਾਹੀਂ ਜਾਂ ਵੱਖਰੇ ਲੇਬਰ - ਕੰਟਰੈਕਟ ਰਾਹੀਂ ਕਰਵਾਕੇ ਵੀ ਕਰਵਾਇਆ ਜਾ ਸਕਦਾ ਹੈ। ਓਵਰ ਹੈਡ ਰੈਜਰਵਾਇਰ ਅਤੇ ਟਿਊਬਵੈਲ ਦੇ ਕੰਮ ਗ੍ਰਾਂਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀ ਵੱਲੋਂ ਵੱਖਰੇ ਤੌਰ ਤੇ ਇੱਕੋ ਜਿੰਮੇਵਾਰ ਏਜੰਸੀ ਰਾਹੀਂ ਕਰਵਾਏ ਜਾਣਗੇ।
- ਟੈਂਡਰ ਤਿਆਰ ਕਰਨ ਸਬੰਧੀ ਸਾਰੀ ਕਾਰਵਾਈ ਵਿਭਾਗ ਵੱਲੋਂ ਕੀਤੀ ਜਾਵੇਗੀ ਅਤੇ ਟੈਂਡਰਾਂ ਦੀ ਇਵੈਲਿਊਏਸ਼ਨ (ਕੀਮਤ ਨਿਰਧਾਰਣ) ਸਬੰਧਤ ਕਾਰਜਕਾਰੀ ਇੰਜੀਨੀਅਰ (ਉਪਰੇਸ਼ਨ ਵਿੰਗ) ਵੱਲੋਂ ਕੀਤੀ ਜਾਵੇਗੀ ਅਤੇ ਇਵੈਲਿਊਏਸ਼ਨ ਸ਼ੀਟ ਤੇ ਚੇਅਰਮੈਨ, ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਆਪਣੀ ਰਜਾਮੰਦੀ ਦੇਣਗੇ।
- ਟੈਂਡਰ ਪ੍ਰਾਵਨ ਕਰਨ ਲਈ ਗਠਿਤ ਕਮੇਟੀ ਵੱਲੋਂ ਟੈਂਡਰ ਪ੍ਰਵਾਨ ਕੀਤੇ ਜਾਣਗੇ ਸਿੰਗਲ ਵਿਲੇਜ ਸਕੀਮਾਂ ਅਤੇ ਪਿੰਡਾਂ ਅੰਦਰਲੇ ਕੰਮਾਂ (ਡਿਸਟ੍ਰੀਬਿਊਸ਼ ਸਿਸਟਮ) ਦੇ ਟੈਂਡਰਾਂ ਦੀ ਪ੍ਰਵਾਨਗੀ ਲਈ ਕਮੇਟੀ ਦੀ ਸਮਰਥਾ ਹੇਠ ਲਿਖੇ ਅਨੁਸਾਰ ਹੋਵੇਗੀ : -

1. 30.00 ਲੱਖ ਰੁਪਏ ਦੀ ਲਾਗਤ ਤੱਕ (ਪ੍ਰੀਮੀਅਮ ਤੋਂ ਬਿਨਾਂ)

ਕਮੇਟੀ ਦੇ ਮੈਂਬਰ

- ਚੇਅਰਮੈਨ-ਗ੍ਰਾਂਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀ – ਪ੍ਰਧਾਨ
- ਕਾਰਜਕਾਰੀ ਇੰਜੀਨੀਅਰ, ਜਿਲਾ ਪ੍ਰੋਜੈਕਟ ਮੈਨੇਜਮੈਂਟ ਸੈਲ – ਮੈਂਬਰ (ਡੀ.ਪੀ.ਐਸ.ਸੀ)
- ਕਾਰਜਕਾਰੀ ਇੰਜੀਨੀਅਰ (ਓਪਰੇਸ਼ਨਜ) – ਕਨਵੀਨਰ

2. 30.00 ਲੱਖ ਰੁਪਏ ਦੀ ਲਾਗਤ ਤੋਂ ਉੱਚੇ (ਪ੍ਰੀਮੀਅਮ ਤੋਂ ਬਿਨਾਂ)

ਨਿਗਰਾਨ ਇੰਜੀਨੀਅਰ – ਚੇਅਰਮੈਨ

- ਕਾਰਜਕਾਰੀ ਇੰਜੀਨੀਅਰ, ਜਿਲਾ ਪ੍ਰੋਜੈਕਟ ਮੈਨੇਜਮੈਂਟ ਸੈਲ – ਮੈਂਬਰ (ਡੀ.ਪੀ.ਐਸ.ਸੀ)
- ਕਾਰਜਕਾਰੀ ਇੰਜੀਨੀਅਰ ਜਿਲਾ ਪ੍ਰੋਜੈਕਟ ਮੈਨਜਮੈਂਟ (ਓਪਰੇਸ਼ਨ) – ਕਨਵੀਨਰ
- ਚੇਅਰਮੈਨ ਗ੍ਰਾਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀ – ਮੈਂਬਰ

- ਟੈਂਡਰ ਦੀ ਲਾਗਤ ਡੀ.ਐਨ.ਆਈ.ਟੀ. ਦੀ ਲਾਗਤ ਤੋਂ ਵੱਧ ਜਾਣ ਦੀ ਸੂਰਤ ਵਿੱਚ ਟੈਂਡਰ ਅਗਲੇ ਸਮਰੱਥ ਅਧਿਕਾਰੀਆਂ ਨੂੰ ਮੁਕੰਮਲ ਜਸਟੀਫਿਕੇਸ਼ਨ ਰਹਿਤ ਪ੍ਰਵਾਨਗੀ ਹਿੱਤ ਭੇਜਣੇ ਹੋਣਗੇ।
- ਠੇਕੇਦਾਰ ਨਾਲ ਕੰਮ ਦਾ ਐਗਰੀਮੈਂਟ ਗ੍ਰਾਂਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀ ਵੱਲੋਂ ਦਸਤਖਤ ਕੀਤਾ ਜਾਵੇਗਾ।
- ਗ੍ਰਾਂਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਵੱਲੋਂ ਅਦਾਇਗੀ ਸਬੰਧੀ ਚੈਕ ਵਿਭਾਗ ਵੱਲੋਂ ਟੈਕਨੀਕਲ ਕਲੀਅਰੈਂਸ ਦਿੱਤੇ ਜਾਣ ਉਪਰੰਤ ਹੀ ਜਾਰੀ ਕੀਤੇ ਜਾਣਗੇ।
- ਪਾਣੀ ਦੇ ਰੇਟ (Tarrif) ਗ੍ਰਾਂਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀ ਵੱਲੋਂ ਫਿਕਸ ਕੀਤੇ ਜਾਣਗੇ ਅਤੇ ਸਲਾਨਾ ਦੇਖਭਾਲ ਅਤੇ ਓਪਰੇਸ਼ਨ ਦੀ ਜਿੰਮੇਵਾਰੀ ਵੀ ਗ੍ਰਾਂਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀ ਦੀ ਹੀ ਹੋਵੇਗੀ।
- ਨਵੇਂ ਕੁਨੈਕਸ਼ਨ ਗ੍ਰਾਂਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਵੱਲੋਂ ਜਾਰੀ ਕੀਤੇ ਜਾਣਗੇ ਅਤੇ ਇਸਦਾ ਸਾਰਾ ਲੇਖਾ-ਜੋਖਾ ਵੀ ਗ੍ਰਾਂਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀ ਵੱਲੋਂ ਹੀ ਰੱਖਿਆ ਜਾਵੇਗਾ।
- ਸੈਨੀਟੇਸ਼ਨ (ਸੀਵਰੇਜ) ਸਕੀਮਾਂ ਦੀ ਉਸਾਰੀ ਵਿਭਾਗ ਵੱਲੋਂ ਲਾਗੂ ਕੀਤੀ ਜਾਵੇਗੀ।

ਜਲ ਸਪਲਾਈ ਸਕੀਮਾਂ ਦੀ ਉਸਾਰੀ, ਸਮਾਲ ਬੋਰ ਸੀਵਰੇਜ ਸਿਸਟਮ ਅਤੇ ਟੋਭਿਆਂ ਦੀ ਸਾਫ ਸਫਾਈ ਅਤੇ ਮੁੜ ਨਿਰਮਾਣ ਨਾਲ ਸਬੰਧਤ ਜਾਣਕਾਰੀ ਹੇਠ ਅਨੁਸਾਰ ਹੈ।

## ਜਲ ਸਪਲਾਈ ਸਕੀਮਾਂ ਦੀ ਉਸਾਰੀ

ਵਿਸ਼ਵ ਬੈਂਕ ਦੀ ਸਹਾਇਤਾ ਨਾਲ ਲਾਗੂ ਕੀਤੀ ਜਾਣ ਵਾਲੀ ਪੰਜਾਬ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਪ੍ਰੋਜੈਕਟ ਅਧੀਨ 2124 ਨਾਟ ਕਵਰਡ (NC) ਅਤੇ 920 ਪਾਰਸ਼ਲੀ ਕਵਰਡ (PC) ਪਿੰਡਾਂ ਵਿੱਚ ਜਲ ਸਪਲਾਈ ਸਕੀਮਾਂ ਦੀ ਉਸਾਰੀ ਲਈ 647.53 ਕਰੋੜ ਰੁ: ਦੀ ਰਾਸ਼ੀ ਦੀ ਵਿਵਸਥਾ ਕੀਤੀ ਗਈ ਹੈ। ਜਲ ਸਪਲਾਈ ਸਕੀਮਾਂ 70 ਲਿਟਰ ਪ੍ਰਤੀ ਜੀਅ ਪ੍ਰਤੀ ਦਿਨ ਦੇ ਹਿਸਾਬ ਨਾਲ ਉਸਾਰੀਆਂ ਜਾਣਗੀਆਂ ਅਤੇ ਸਕੀਮ ਮੁਕੰਮਲ ਹੋਣ ਉਪਰੰਤ ਹਰ ਘਰ ਨੂੰ ਮੰਗ ਅਨੁਸਾਰ ਨਿੱਜੀ ਪਾਣੀ ਦਾ ਕੁਨੈਕਸ਼ਨ ਦਿੱਤਾ ਜਾ ਸਕੇਗਾ।

ਲੱਗਭੱਗ 1600 ਪਿੰਡ ਦੀਆਂ ਪੁਰਾਣੀਆਂ ਜਲ ਸਪਲਾਈ ਸਕੀਮਾਂ ਦੇ ਸੰਚਾਲਨ ਵਿੱਚ ਸੁਧਾਰ ਲਿਆਉਣ ਲਈ 163.31 ਕਰੋੜ ਰੁਪਏ ਦੀ ਰਾਸ਼ੀ ਦੀ ਵਿਵਸਥਾ ਕੀਤੀ ਗਈ ਹੈ। ਇਸ ਮੰਤਵ ਲਈ ਅਜਿਹਾ ਕੋਈ ਵੀ ਪਿੰਡ ਚੁਣਿਆ ਜਾ ਸਕਦਾ ਹੈ, ਜਿਥੇ ਪਿੰਡ ਦੇ ਕਿਸੇ ਇਲਾਕੇ/ਪੱਤੀ ਨੂੰ ਨਿਸਚਿਤ ਕੀਤੀ ਗਈ ਮਾਤਰਾ ਵਿੱਚ ਜਲ ਸਪਲਾਈ ਪ੍ਰਾਪਤ ਨਾ ਹੋ ਰਹੀ ਹੋਵੇ ਜਾਂ ਜਲ ਘਰ ਵਿਖੇ ਲੱਗੀ ਪੰਪਿੰਗ ਮਸ਼ੀਨਰੀ ਅਤੇ ਪਾਈਪਾਂ ਆਦਿ ਤਬਦੀਲ ਕਰਨ ਦੀ ਲੋੜ ਹੋਵੇ।

ਸੇਮ ਨਾਲ ਪ੍ਰਭਾਵਤ ਮਾਲਵਾ ਇਲਾਕੇ ਵਿੱਚ ਸ਼ੁੱਧ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ 100 ਰਿਵਰਸ ਓਸਮੋਸਿਸ ਪਲਾਂਟ, 100 ਡੀਫਲੋਰੀਡੇਸ਼ਨ ਪਲਾਂਟ ਅਤੇ 100 ਟਰਾਂਸਪੋਰਟੇਬਲ ਵਾਟਰ ਫਿਲਟ੍ਰੇਸ਼ਨ ਪਲਾਂਟ ਲਗਾਉਣ ਦੀ ਵੀ ਤਜਵੀਜ ਹੈ ਅਤੇ ਇਸ ਮੰਤਵ ਲਈ ਪ੍ਰਜੈਕਟ ਵਿੱਚ 57.75 ਕਰੋੜ ਰੁਪਏ ਦੀ ਰਾਸ਼ੀ ਦਾ ਉਪਬੰਧ ਕੀਤਾ ਗਿਆ ਹੈ। ਇਸ ਮੰਤਵ ਲਈ ਵੀ ਅਜਿਹਾ ਕੋਈ ਵੀ ਪਿੰਡ ਚੁਣਿਆ ਜਾ ਸਕਦਾ ਹੈ, ਜਿਥੇ ਜਮੀਨੀ ਪਾਣੀ ਦੀ ਸੁੱਧਤਾ ਦਾ ਮਿਆਰ ਠੀਕ ਨਾ ਹੋਵੇ ਜਾਂ ਜਲ ਸਪਲਾਈ ਸਕੀਮਾਂ ਟੇਲਾਂ ਤੇ ਹੋਣ ਕਾਰਨ ਨਹਿਰੀ ਪਾਣੀ ਦੀ ਉਪਲੱਬਧਤਾ ਨਾ ਹੋਵੇ।

**ਮੁੱਢਲੀ ਲਾਗਤ ਦੀ ਭਾਗੀਦਾਰੀ ਵਿੱਚ ਲਾਭਪਾਤਰੀਆਂ ਵੱਲੋਂ ਦਿੱਤੇ ਜਾਣ ਵਾਲੇ ਹਿੱਸੇ ਸਬੰਧੀ ਨਿਯਮ:-**

- ਸਕੀਮ ਦੀ ਕੁੱਲ ਲਾਗਤ ਦਾ 10% ਹਿੱਸਾ ਲਾਭਪਾਤਰੀਆਂ ਦੁਆਰਾ ਦਿੱਤਾ ਜਾਵੇਗਾ ਅਤੇ ਇਹ ਰਕਮ ਵੱਧ ਤੋਂ ਵੱਧ 1500 ਰੁਪਏ ਪ੍ਰਤੀ ਘਰ ਹੀ ਰੱਖੀ ਗਈ ਹੈ।
- ਘੋਸ਼ਿਤ ਅਨੁਸੂਚਿਤ ਜਾਤੀ ਵਾਲੇ ਪਿੰਡ, ਅੰਤਰਰਾਸ਼ਟਰੀ ਸਰਹੱਦੀ ਬੈਲਟ ਵਿੱਚ ਪੈਂਦੇ ਪਿੰਡ, ਬੇਟ ਅਤੇ ਕੰਢੀ ਏਰੀਏ ਦੇ ਪਿੰਡ ਕੁੱਲ ਲਾਗਤ ਦਾ 5% ਹੀ ਲਾਭਪਾਤਰੀ ਹਿੱਸੇ ਵੱਜੋਂ ਦੇਣਗੇ।
- ਬਹੁ ਪਿੰਡ ਵਾਲੀਆਂ ਜਲ ਸਪਲਾਈ ਸਕੀਮਾਂ ਵਾਸਤੇ ਜਿਹੜਾ ਪਿੰਡ ਜਮੀਨ ਦੇਵੇਗਾ ਉਸਨੂੰ ਇਸਦੇ ਏਵਜ ਦੂਜੇ ਲਾਭਪਾਤਰੀ ਪਿੰਡਾਂ ਵੱਲੋਂ ਮੁਆਵਜਾ ਦਿੱਤਾ ਜਾਵੇਗਾ। ਜਿਹੜੀ ਗ੍ਰਾਮ ਪੰਚਾਇਤ ਜਮੀਨ ਦੇਵੇਗੀ ਉਹ ਲਾਭਪਾਤਰੀ ਹਿੱਸੇ ਦੀ 30% ਘੱਟ ਅਦਾਇਗੀ ਕਰਨਗੇ ਅਤੇ ਦੂਜੀਆਂ ਗ੍ਰਾਮ ਪੰਚਾਇਤਾਂ ਅਪਣੇ ਲਾਭਪਾਤਰੀ ਹਿੱਸੇ ਤੋਂ ਇਲਾਵਾ ਇਹ 30% ਦੀ ਰਾਸ਼ੀ ਵੀ ਦੇਣਗੀਆਂ।
- ਗ੍ਰਾਮ ਪੰਚਾਇਤ ਸੁਵਿਧਾਵਾਂ ਵਾਸਤੇ ਲੋੜੀਂਦੀ ਜਗ੍ਹਾਂ ਦਾ ਇੰਤਜਾਮ ਕਰੇਗੀ, ਪੰਚਾਇਤੀ ਜਾਂ ਸ਼ਾਮਲਾਟ ਜਮੀਨ ਲਾਭਪਾਤਰੀ ਹਿੱਸੇ ਵਿੱਚ ਵਿੱਚ ਸ਼ਾਮਿਲ ਨਹੀਂ ਮੰਨੀ ਜਾਵੇਗੀ।

- ਟਿਊਬਵੈੱਲ ਤੇ ਅਧਾਰਿਤ ਜਲ ਸਪਲਾਈ ਸਕੀਮਾਂ ਲਈ ਲਾਭਪਾਤਰੀ ਹਿੱਸੇ ਦੀ ਪ੍ਰਤੀ ਘਰ ਰਕਮ ਅੰਦਾਜਨ 65● ਰੁਪਏ ਤੋਂ 925 ਰੁਪਏ ਦੇ ਵਿੱਚ ਰਹੇਗੀ ਜਦੋਂ ਕਿ ਨਹਿਰੀ ਪਾਣੀ ਤੇ ਅਧਾਰਿਤ ਬਣਨ ਵਾਲੀਆਂ ਸਪਲਾਈ ਸਕੀਮਾਂ ਲਈ ਲਾਭਪਾਤਰੀ ਹਿੱਸੇ ਦੀ ਪ੍ਰਤੀ ਘਰ ਰਕਮ ਅੰਦਾਜਨ 7●● ਰੁਪਏ ਤੋਂ 2●●● ਰੁਪਏ ਦੇ ਵਿੱਚ ਰਹੇਗੀ ਪਰ ਪ੍ਰੋਜੈਕਟ ਦੇ ਨਿਯਮਾਂ ਅਨੁਸਾਰ ਪ੍ਰਤੀ ਘਰ 15●● ਰੁਪਏ ਤੋਂ ਵੱਧ ਰਾਸ਼ੀ ਨਹੀਂ ਲਈ ਜਾਵੇਗੀ। ਇਹ ਦੱਸਣਾ ਵੀ ਮਹੱਤਵਪੂਰਣ ਹੈ ਕਿ ਉਪਰੋਕਤ ਦਰਸਾਈਆਂ ਲਾਭਪਾਤਰੀ ਹਿੱਸੇਦਾਰੀਆਂ ਘੋਸ਼ਿਤ ਅਨੁਸੂਚਿਤ ਜਾਤੀ ਵਾਲੇ ਪਿੰਡ, ਅੰਤਰਰਾਸ਼ਟਰੀ ਸਰਹੱਦੀ ਬੈਲਟ ਵਿੱਚ ਪੈਂਦੇ ਪਿੰਡ, ਬੇਟ ਅਤੇ ਕੰਢੀ ਏਰੀਏ ਦੇ ਪਿੰਡਾਂ ਲਈ ਅੱਧੀਆਂ ਹੋ ਜਾਣਗੀਆਂ।

**ਸੰਚਾਲਣ ਅਤੇ ਰੱਖ ਰਖਾਵ**

- ਸਲਾਨਾ ਦੇਖਭਾਲ ਅਤੇ ਓਪਰੇਸ਼ਨ ਦੀ ਜਿੰਮੇਵਾਰੀ ਵੀ ਗ੍ਰਾਂਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀ ਦੀ ਹੀ ਹੋਵੇਗੀ ਜੋ ਕਿ ਲਾਭਪਾਤਰੀਆਂ ਤੋਂ ਪਾਣੀ ਦੇ ਬਿੱਲਾਂ ਦੀ ਅਦਾਇਗੀ ਤੋਂ ਪ੍ਰਾਪਤ ਹੋਣ ਵਾਲੀ ਰਕਮ ਵਿੱਚੋਂ ਕੀਤੀ ਜਾਵੇਗੀ।
- ਪਾਣੀ ਦੇ ਰੇਟ (Tarrif) ਗ੍ਰਾਂਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀ ਵੱਲੋਂ ਫਿਕਸ ਕੀਤੇ ਜਾਣਗੇ।
- ਨਵੇਂ ਕੁਨੈਕਸ਼ਨ ਗ੍ਰਾਂਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਵੱਲੋਂ ਕਾਰੀ ਕੀਤੇ ਜਾਣਗੇ ਅਤੇ ਇਸ ਸਬੰਧੀ ਸਾਰਾ ਲੇਖਾ-ਜੋਖਾ ਵੀ ਗ੍ਰਾਂਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀ ਕੋਲ ਹੀ ਰੱਖਿਆ ਜਾਵੇਗਾ।
- ਘਰੇਲੂ ਕੁਨੈਕਸ਼ਨਾਂ ਵਾਸਤੇ ਘੱਟੋ ਘੱਟ 5●● ਰੁਪਏ (ਅਨੁਸੂਚਿਤ ਜਾਤੀ ਵਾਸਤੇ 25● ਰੁਪਏ) ਕੁਨੈਕਸ਼ਨ ਫੀਸ ਵੱਜੋਂ ਲਿਆ ਜਾਵੇਗਾ।
- ਜਲ ਸਪਲਾਈ ਸਕੀਮ ਨੂੰ ਚਲਾਉਣ ਲਈ ਅਤੇ ਪਾਣੀ ਦੇ ਬਿੱਲਾਂ ਦੀ ਰਕਮ ਇਕੱਠੀ ਕਰਨ ਲਈ ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਅਪਣੇ ਪੱਧਰ ਤੇ ਪਿੰਡ ਦੇ ਕਿਸੇ ਵਿਅਕਤੀ ਨੂੰ ਲੋੜ ਮੁਤਾਬਿਕ ਪਾਰਟ ਟਾਈਮ ਜਾਂ ਫੁੱਲ ਟਾਈਮ ਦੇ ਅਧਾਰ ਤੇ ਨੌਕਰੀ ਤੇ ਰੱਖ ਸਕਦੀ ਹੈ।

# ਸਮਾਲ ਬੋਰ ਸੀਵਰੇਜ ਸਿਸਟਮ

ਵਿਸ਼ਵ ਬੈਂਕ ਦੀ ਸਹਾਇਤਾ ਨਾਲ ਲਾਗੂ ਕੀਤੀ ਜਾਣ ਵਾਲੀ ਪੰਜਾਬ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਪ੍ਰੋਜੈਕਟ ਅਧੀਨ 100 ਪਿੰਡਾਂ ਵਿੱਚ ਪਾਇਲਟ ਅਧਾਰ ਤੇ ਸਮਾਲ ਬੋਰ ਸੀਵਰੇਜ ਸਿਸਟਮ ਲਗਾਉਣ ਲਈ 38.68 ਕਰੋੜ ਰੁਪਏ ਦੀ ਰਾਸ਼ੀ ਦੀ ਵਿਵਸਥਾ ਕੀਤੀ ਗਈ ਹੈ। ਸਮਾਲ ਬੋਰ ਸਿਸਟਮ ਲਗਾਉਣ ਲਈ ਪਿੰਡਾਂ ਦੀ ਸ਼ਿਨਾਖਤ ਕਰਨ ਵੇਲੇ ਇਹ ਜਰੂਰੀ ਹੋਵੇਗਾ ਕਿ ਉਸ ਪਿੰਡ ਦੇ 70% ਘਰਾਂ ਵਿੱਚ ਇੰਟਰਸੈਪਟਿੰਗ ਚੈਂਬਰ/ਸੈਪਟਿਕ ਟੈਂਕ ਬਣੇ ਹੋਣ ਅਤੇ ਘਰ ਸੀਵਰੇਜ ਕੁਨੈਕਸ਼ਨ ਲੈਣ ਲਈ ਤਿਆਰ ਹੋਣ ਅਤੇ ਗ੍ਰਾਮ ਪੰਚਾਇਤ ਸੀਵੇਜ ਟਰੀਟਮੈਂਟ ਪਲਾਂਟ ਦੀ ਉਸਾਰੀ ਲਈ 1-2 ਏਕੜ ਜਮੀਨ ਮੁਫਤ ਦੇਣ ਲਈ ਤਿਆਰ ਹੋਵੇ।

ਇਸ ਸਿਸਟਮ ਅਧੀਨ ਕੇਵਲ ਘਰ ਤੋਂ ਬਾਹਰ ਹੋਣ ਵਾਲੇ ਅਤੇ ਕਾਮਨ ਫੈਸੀਲਿਟੀ ਵਾਲੇ ਕੰਮ ਹੀ ਕੀਤੇ ਜਾਣੇ ਹਨ, ਜਦੋਂ ਕਿ ਘਰ ਦੇ ਅੰਦਰ ਦਾ ਸਾਰਾ ਹੋਣ ਵਾਲਾ ਕੰਮ ਜਿਵੇਂ ਕਿ ਇੰਟਰਸੈਪਟਿੰਗ ਚੈਂਬਰ/ ਸੈਪਟਿਕ ਟੈਂਕ, ਸੌਚਾਲਿਆ ਦਾ ਨਿਰਮਾਣ ਅਤੇ ਸੀਵਰ ਕੁਨੈਕਸ਼ਨ ਲਈ ਪਾਈਪ ਆਦਿ ਲਗਾਉਣ ਦਾ ਕੰਮ ਲਾਭਪਾਤਰੀ ਨੂੰ ਖੁਦ ਕਰਨਾ ਪਵੇਗਾ ਜਾਂ ਇਸ ਮੰਤਵ ਲਈ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਦੀ ਕਿਸੇ ਹੋਰ ਸਕੀਮ ਤੋਂ ਕਰਵਾਉਣਾ/ਵਿੱਤੀ ਲਾਭ ਲੈਣਾ ਪਵੇਗਾ।

## ਤਕਨੀਕ

ਇਹ ਸਿਸਟਮ ਵਿੱਚ ਛੋਟੇ ਡਾਇਆ ਮੀਟਰ ਦੀਆਂ ਪਲਾਸਟਿਕ ਪਾਈਪਾਂ ਵਰਤੀਆਂ ਜਾਂਦੀਆਂ ਹਨ ਅਤੇ ਘਰਾਂ ਤੋਂ ਨਿਕਲਣ ਵਾਲਾ ਗੰਦਾ ਪਾਣੀ ਖੁੱਲੀਆਂ ਨਾਲੀਆਂ ਵਿੱਚ ਬਹਿਣ ਦੇ ਬਜਾਏ ਅੰਡਰ ਗਰਾਊਂਡ ਪਲਾਸਟਿਕ ਦੀਆਂ ਪਾਈਪਾਂ ਰਾਹੀਂ ਟਰੀਟਮੈਂਟ ਪਲਾਂਟ ਤੱਕ ਲਜਾਇਆ ਜਾਂਦਾ ਹੈ ਅਤੇ ਟਰੀਟਮੈਂਟ ਪਲਾਂਟ ਤੇ ਗੰਦੇ ਪਾਣੀ ਸਫਾਈ ਕਰਨ ਉਪਰੰਤ ਇਸਨੂੰ ਪਿੰਡ ਦੇ ਟੋਭਿਆਂ ਲਈ ਜਾਂ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ। 2000 ਤੋਂ 2500 ਤੱਕ ਦੀ ਅਬਾਦੀ ਵਾਲੇ ਪਿੰਡ ਵਿੱਚ ਇਹ ਸਹੂਲਤ ਮੁਹੱਈਆ ਕਰਨ ਲਈ ਔਸਤਨ 35 ਲੱਖ ਰੁਪਏ ਦਾ ਖਰਚਾ ਆਵੇਗਾ ਅਤੇ ਸਕੀਮ ਮੁਕੰਮਲ ਹੋਣ ਉਪਰੰਤ ਉਸ ਦੇ ਸੰਚਾਲਨ ਅਤੇ ਰੱਖ ਰਖਾਵ ਲਈ ਪ੍ਰਤੀ ਘਰ ਦਾ 40 ਤੋਂ 50 ਰੁਪਏ ਪ੍ਰਤੀ ਮਹੀਨਾ ਖਰਚਾ ਆਵੇਗਾ। ਇਸ ਸਿਸਟਮ ਦੀਆਂ ਹੋਰ ਵਿਸ਼ੇਸ਼ਤਾਵਾਂ ਹੇਠ ਦੱਸੀਆਂ ਜਾਂਦੀਆਂ ਹਨ -

- ਸਮਾਲ ਬੋਰ ਸੀਵਰੇਜ ਸਿਸਟਮ ਨੂੰ ਚਲਾਉਣ ਲਈ ਘੱਟ ਪਾਣੀ ਦੀ ਲੋੜ ਹੁੰਦੀ ਹੈ ਕਿਉਂਜੋ ਸਾਰਾ ਠੋਸ ਅਮਲਾ ਘਰ ਦੇ ਅੰਦਰ ਬਣੇ ਸੈਪਟਿਕ ਟੈਂਕ/ਇੰਟਰਸੈਪਟਿੰਗ ਚੈਂਬਰ ਵਿੱਚ ਇਕੱਠਾ ਕਰ ਲਿਆ ਜਾਂਦਾ ਹੈ।
- ਇਸ ਸਿਸਟਮ ਵਿੱਚ ਪੀ.ਵੀ.ਸੀ. ਜਾਂ ਐਚ.ਡੀ.ਪੀ.ਈ. ਪਾਈਪਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਹਨਾਂ ਵਿੱਚ ਪਾਣੀ ਦੇ ਬਹਾਓ ਨੂੰ ਘੱਟ ਰੁਕਾਵਟ ਹੁੰਦੀ ਹੈ ਅਤੇ ਪਾਣੀ ਤੇਜੀ ਨਾਲ ਬਹਿੰਦਾ ਹੈ ਅਤੇ ਪਾਈਪ ਵਿੱਚ ਸਿਲਟ ਅਤੇ ਹੋਰ ਕਣ ਨਹੀਂ ਰੁਕਦੇ।
- ਸੀਵਰ ਦੀਆਂ ਪਾਈਪਾਂ ਵੀ ਘੱਟ ਡੂੰਘਾਈ ਤੇ ਵਿਛਾਈਆਂ ਜਾਂਦੀਆਂ ਹਨ।
- ਇਹ ਸਿਸਟਮ ਵਿੱਚ ਕੋਈ ਮੈਨਹੋਲ ਨਹੀਂ ਲਗਾਇਆ ਜਾਂਦਾ ਅਤੇ ਇਸ ਕਾਰਨ ਇਸ ਸਕੀਮ ਦਾ ਸੰਚਾਲਨ ਸੌਖਾ ਅਤੇ ਘੱਟ ਲਾਗਤ ਵਾਲਾ ਹੁੰਦਾ ਹੈ।
- ਇਸ ਸਿਸਟਮ ਦੀ ਲਾਗਤ ਨਾਰਮਲ ਸੀਵਰੇਜ ਸਿਸਟਮ ਨਾਲੋਂ ਘੱਟ ਹੁੰਦੀ ਹੈ।

- ਖੁੱਲੀਆਂ ਨਾਲੀਆਂ ਨਾ ਹੋਣ ਕਾਰਣ ਗਲੀਆਂ ਵਿੱਚ ਪੂਰੀ ਸਾਫ ਸਫਾਈ ਬਣੀ ਰਹਿੰਦੀ ਹੈ।
- ਵਸਨੀਕਾਂ ਨੂੰ ਖੁੱਲੇ ਵਿੱਚ ਸੌਚ ਜਾਣ ਤੋਂ ਨਿਜਾਤ ਮਿਲੇਗੀ ਅਤੇ ਆਮ ਆਦਮੀ ਦੀ ਸਿਹਤ ਵਿੱਚ ਸੁਧਾਰ ਹੋਵੇਗਾ।

**ਮੁੱਢਲੀ ਲਾਗਤ ਦੀ ਭਾਗੀਦਾਰੀ ਵਿੱਚ ਲਾਭਪਾਤਰੀਆਂ ਵੱਲੋਂ ਦਿੱਤੇ ਜਾਣ ਵਾਲੇ ਹਿੱਸੇ ਸਬੰਧੀ ਨਿਯਮ ਹੇਠ ਅਨੁਸਾਰ ਹਨ :-**

"30% ਤੱਕ ਦਾ ਲਾਭਪਾਤਰੀ ਹਿੱਸਾ ਐਮ.ਪੀ.ਲੈਡ., ਐਨ.ਆਰ.ਆਈਜ. ਵੱਲੋਂ ਦਾਨ ਆਦਿ ਰਾਹੀਂ ਅਤੇ 20% ਲਾਭਪਾਤਰੀ ਹਿੱਸਾ ਗ੍ਰਾਮ ਪੰਚਾਇਤ ਅਪਣੀ ਆਮਦਨ ਵਿੱਚੋਂ ਦੇ ਸਕਦੀ ਹੈ। ਬਾਕੀ ਦਾ 50% ਲਾਭਪਾਤਰੀ ਹਿੱਸਾ ਵਰਤਣ ਵਾਲਿਆਂ ਦੁਆਰਾ ਦਿੱਤਾ ਜਾਵੇਗਾ।" ਘੋਸ਼ਿਤ ਅਨੁਸੂਚਿਤ ਜਾਤੀ ਵਾਲੇ ਪਿੰਡ, ਅੰਤਰਰਾਸ਼ਟਰੀ ਸਰਹੱਦੀ ਬੈਲਟ ਵਿੱਚ ਪੈਂਦੇ ਪਿੰਡ, ਬੇਟ ਅਤੇ ਕੰਢੀ ਏਰੀਏ ਦੇ ਪਿੰਡ ਕੁੱਲ ਲਾਗਤ ਦਾ 5% ਹੀ ਲਾਭਪਾਤਰੀ ਹਿੱਸੇ ਵੱਜੋਂ ਦੇਣਗੇ। ਅਗਰ ਲਾਭਪਾਤਰੀ ਹਿੱਸੇ ਦੀ ਪ੍ਰਤੀ ਘਰ ਰਕਮ 1500 ਰੁਪਏ ਤੋਂ ਵੱਧ ਜਾਂਦੀ ਹੈ ਤਾਂ ਲਾਭਪਾਤਰੀ ਤੋਂ ਕੇਵਲ 1500 ਰੁਪਏ ਪ੍ਰਤੀ ਘਰ ਦੇ ਹਿਸਾਬ ਨਾਲ ਹੀ ਲਾਭਪਾਤਰੀ ਹਿੱਸਾ ਲਿਆ ਜਾਵੇਗਾ।

ਲਾਭਪਾਤਰੀ ਹਿੱਸੇ ਦੀ ਅਦਾਇਗੀ ਦੋ ਕਿਸ਼ਤਾਂ ਵਿੱਚ ਕੀਤੀ ਜਾਵੇਗੀ। ਪਹਿਲੀ ਕਿਸ਼ਤ ਜੋ ਕਿ ਲਾਭਪਾਤਰੀ ਦੇ ਹਿੱਸੇ ਦੇ 50% ਦੇ ਬਰਾਬਰ ਹੋਵੇਗੀ, ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਦੁਆਰਾ ਪ੍ਰੋਜੈਕਟ ਵਿੱਚ ਸ਼ਾਮਿਲ ਹੋਣ ਲਈ ਲਿਖਤੀ ਰਜਾਮੰਦੀ ਦੇਣ ਉਪਰੰਤ ਦੇਣੀ ਹੋਵੇਗੀ ਅਤੇ ਦੂਜੀ ਕਿਸ਼ਤ ਸਮਾਲ ਬੋਰ ਸੀਵਰੇਜ ਸਿਸਟਮ ਦੀ ਉਸਾਰੀ ਦੇ ਕੰਮ ਦਾ ਠੇਕਾ ਦੇਣ ਤੋਂ ਪਹਿਲਾਂ ਦੇਣੀ ਹੋਵੇਗੀ।

**ਸੰਚਾਲਣ ਅਤੇ ਰੱਖ ਰਖਾਵ**

ਸਮਾਲ ਬੋਰ ਸੀਵਰੇਜ ਸਿਸਟਮ ਦਾ ਕੰਮ ਮੁਕੰਮਲ ਹੋਣ ਉਪਰੰਤ ਇਸਦੇ ਸੰਚਾਲਨ ਅਤੇ ਰੱਖ ਰਖਾਓ (O&M) ਦਾ ਕੰਮ ਪਿੰਡ ਵਾਸੀਆਂ ਵੱਲੋਂ ਬਣਾਈ ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਦੁਆਰਾ ਕੀਤਾ ਜਾਵੇਗਾ। ਕਮੇਟੀ ਲਾਭਪਾਤਰੀਆਂ ਤੋਂ ਸੰਚਾਲਣ ਅਤੇ ਰੱਖ ਰਖਾਵ ਤੇ ਹੋਣ ਵਾਲੇ ਖਰਚੇ ਦੀ ਪੂਰੀ ਵਸੂਲੀ ਕਰੇਗੀ ਜੋ ਕਿ ਪ੍ਰਤੀ ਘਰ ਲੱਗਭੱਗ 40 ਤੋਂ 50 ਰੁਪਏ ਪ੍ਰਤੀ ਮਹੀਨਾ ਆਵੇਗੀ। ਸਾਂਭ ਸੰਭਾਲ ਦਾ ਕੰਮ ਠੇਕੇ ਤੇ ਵੀ ਕਿਸੇ ਏਜੰਸੀ/ ਠੇਕੇਦਾਰ ਤੋਂ ਕਰਵਾਇਆ ਜਾ ਸਕਦਾ ਹੈ।

# ਪਿੰਡ ਦੇ ਟੋਬਿਆਂ ਦੀ ਸਾਫ ਸਫਾਈ ਅਤੇ ਮੁੜ ਨਿਰਮਾਣ

ਵਿਸ਼ਵ ਬੈਂਕ ਦੀ ਸਹਾਇਤਾ ਨਾਲ ਲਾਗੂ ਕੀਤੀ ਜਾਣ ਵਾਲੀ ਪੰਜਾਬ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਪ੍ਰੋਜੈਕਟ ਅਧੀਨ 1●●● ਪੇਂਡੂ ਟੋਭਿਆਂ ਦੀ ਸਫਾਈ ਅਤੇ ਲੋੜ ਅਨੁਸਾਰ ਮੁੜ ਨਿਰਮਾਣ ਕਰਨ ਲਈ 54.5● ਕਰੋੜ ਰੁ: ਦੀ ਰਾਸ਼ੀ ਦੀ ਵਿਵਸਥਾ ਕੀਤੀ ਗਈ ਹੈ। ਛੱਪੜਾਂ ਦੇ ਗੰਦੇ ਪਾਣੀ ਨੂੰ ਨਿਮਨ ਲਿਖਤ ਘੱਟ ਲਾਗਤ ਵਾਲੀਆਂ ਬਾਇਓ ਤਕਨੀਕਾਂ ਰਾਹੀਂ ਸਾਫ ਕੀਤਾ ਜਾਵੇਗਾ।

**1. ਡਕਵੀਡ ਤਕਨੀਕ**

**2. ਕੰਸਟਰੱਕਟਡ ਵੈਟਲੈਂਡ ਤਕਨੀਕ**

ਉਪਰ ਦਰਸਾਈਆਂ ਗਈਆਂ ਤਕਨੀਕਾਂ ਨੂੰ ਮੱਛੀ ਪਾਲਣ ਨਾਲ ਜੋੜ ਕੇ ਅਪਣਾਇਆ ਜਾਵੇਗਾ। ਇਸ ਨਾਲ ਗੰਦੇ ਪਾਣੀ ਦੀ ਸਫਾਈ ਤਾਂ ਹੋਵੇਗੀ ਹੀ ਅਤੇ ਨਾਲ ਹੀ ਪਿੰਡ ਨੂੰ ਇਸ ਦਾ ਆਰਥਿਕ ਲਾਭ ਵੀ ਪੁੱਜੇਗਾ ਅਤੇ ਪਿੰਡ ਵਿੱਚ ਰੋਜਗਾਰ ਦੇ ਅਵਸਰ ਪੈਦਾ ਹੋਣਗੇ। ਜਿਆਦਾਤਰ ਛੱਪੜਾਂ ਦੇ ਪਾਣੀ ਦੀ ਸਫਾਈ ਦਾ ਕੰਮ ਡਕਵੀਡ ਤਕਨੀਕ ਨਾਲ ਕੀਤਾ ਜਾਵੇਗਾ ਅਤੇ ਇਸ ਲਈ ਹੇਠ ਲਿਖੇ ਕੰਮ ਕੀਤੇ ਜਾਣਗੇ:-

- ਛੱਪੜ ਦਾ ਗੰਦਾ ਪਾਣੀ ਕੱਢਣ ਉਪਰੰਤ ਇਸ ਵਿਚੋਂ ਜਮ੍ਹਾਂ ਗੰਦਗੀ ਨੂੰ ਕੱਢਣਾ।
- ਮਿੱਟੀ ਦਾ ਬੰਨ੍ਹ ਲਾਕੇ ਛੱਪੜ ਨੂੰ ਦੋ ਭਾਗਾਂ ਵਿੱਚ ਵੰਡਣਾ। ਇੱਕ ਭਾਗ ਵਿੱਚ ਡਕਵੀਡ ਉਗਾਈ ਜਾਵੇਗੀ ਅਤੇ ਦੂਜਾ ਭਾਗ ਮੱਛੀ ਪਾਲਣ ਲਈ।
- ਡਕਵੀਡ ਵਾਲੇ ਭਾਗ ਦੀ ਡੂੰਘਾਈ 3 ਫੁੱਟ ਹੋਣੀ ਚਾਹੀਦੀ ਹੈ ਅਤੇ ਮੱਛੀ ਵਾਲੇ ਭਾਗ ਦੀ ਡੂੰਘਾਈ 5 ਫੁੱਟ ਹੋਣੀ ਚਾਹੀਦੀ ਹੈ।
- ਛੱਪੜ ਨੂੰ ਦੋ ਭਾਗਾਂ ਵਿੱਚ ਵੰਡਦੇ ਬੰਨ੍ਹ ਵਿੱਚ 3 ਜਾਲੀਦਾਰ ਪਾਈਪਾਂ ਨੂੰ ਫਿੱਟ ਕਰਨਾ ਤਾਂ ਜੋ ਸਾਫ ਹੋਏ ਪਾਣੀ ਨੂੰ ਮੱਛੀਆਂ ਵਾਲੇ ਭਾਗ ਵਿੱਚ ਪਾਇਆ ਜਾ ਸਕੇ।
- ਡਕਵੀਡ ਭਾਗ ਵਾਲੇ ਛੱਪੜ ਦੀ ਕਪੈਸਟੀ 1● ਤੋਂ 12 ਦਿਨ ਹੋਣੀ ਚਾਹੀਦੀ ਹੈ।
- ਡਕਵੀਡ ਨੂੰ ਛੱਪੜ ਵਿਚੋਂ ਕੱਢਕੇ ਦੂਜੇ ਭਾਗ ਵਿੱਚ ਫੀਡ ਕਰਨਾ ਤਾਂ ਜੋ ਮੱਛੀਆਂ ਇਸਨੂੰ ਭੋਜਨ ਵੱਜੋਂ ਖਾ ਸਕਣ।
- ਇੱਕ ਅਨੁਮਾਨ ਅਨੁਸਾਰ 3 ਏਕੜ ਛੱਪੜ ਨੂੰ ਸਾਫ ਕਰਨ ਲਈ ਕੁੱਲ ਲਾਗਤ ਤਕਰੀਬਨ 6 ਲੱਖ ਰੁਪਏ ਆਵੇਗੀ ਜੋ ਕਿ 45●● ਦੀ ਵਸੋਂ ਲਈ ਡਿਜਾਈਨ ਕੀਤਾ ਗਿਆ ਜਦਕਿ ਇੱਕ ਔਸਤਨ 15●● ਤੋਂ 25●● ਵਸੋਂ ਵਾਲੇ ਪਿੰਡ ਵਿੱਚ 4.5● ਤੋਂ 5.5● ਲੱਖ ਲਾਗਤ ਆਵੇਗੀ।

**ਮੁੱਢਲੀ ਲਾਗਤ ਦੀ ਭਾਗੀਦਾਰੀ ਵਿੱਚ ਲਾਭਪਾਤਰੀਆਂ ਵੱਲੋਂ ਦਿੱਤੇ ਜਾਣ ਵਾਲੇ ਹਿੱਸੇ ਸਬੰਧੀ ਨਿਯਮ ਹੇਠ ਅਨੁਸਾਰ ਹਨ :-**

"30% ਤੱਕ ਦਾ ਲਾਭਪਾਤਰੀ ਹਿੱਸਾ ਐਮ.ਪੀ.ਲੈਡ., ਐਨ.ਆਰ.ਆਈਜ. ਵੱਲੋਂ ਦਾਨ ਆਦਿ ਰਾਹੀਂ ਅਤੇ 20% ਲਾਭਪਾਤਰੀ ਹਿੱਸਾ ਗ੍ਰਾਮ ਪੰਚਾਇਤ ਅਪਣੀ ਆਮਦਨ ਵਿੱਚੋਂ ਦੇ ਸਕਦੀ ਹੈ। ਬਾਕੀ ਦਾ 50% ਲਾਭਪਾਤਰੀ ਹਿੱਸਾ ਵਰਤਣ ਵਾਲਿਆਂ ਦੁਆਰਾ ਦਿੱਤਾ ਜਾਵੇਗਾ।" ਘੋਸ਼ਿਤ ਅਨੁਸੂਚਿਤ ਜਾਤੀ ਵਾਲੇ ਪਿੰਡ, ਅੰਤਰਰਾਸ਼ਟਰੀ ਸਹਰੱਦੀ ਬੈਲਟ ਵਿੱਚ ਪੈਂਦੇ ਪਿੰਡ, ਬੇਟ ਅਤੇ ਕੰਢੀ ਏਰੀਏ ਦੇ ਪਿੰਡ ਕੁੱਲ ਲਾਗਤ ਦਾ 5% ਹੀ ਲਾਭਪਾਤਰੀ ਹਿੱਸੇ ਵੱਜੋਂ ਦੇਣਗੇ। ਅਗਰ ਲਾਭਪਾਤਰੀ ਹਿੱਸੇ ਦੀ ਪ੍ਰਤੀ ਘਰ ਰਕਮ 1500 ਰੁਪਏ ਤੋਂ ਵੱਧ ਜਾਂਦੀ ਹੈ ਤਾਂ ਲਾਭਪਾਤਰੀ ਤੋਂ ਕੇਵਲ 1500 ਰੁਪਏ ਪ੍ਰਤੀ ਘਰ ਦੇ ਹਿਸਾਬ ਨਾਲ ਹੀ ਲਾਭਪਾਤਰੀ ਹਿੱਸਾ ਲਿਆ ਜਾਵੇਗਾ।

ਲਾਭਪਾਤਰੀ ਹਿੱਸੇ ਦੀ ਅਦਾਇਗੀ ਦੋ ਕਿਸ਼ਤਾਂ ਵਿੱਚ ਕੀਤੀ ਜਾਵੇਗੀ। ਪਹਿਲੀ ਕਿਸ਼ਤ ਜੋ ਕਿ ਲਾਭਪਾਤਰੀ ਦੇ ਹਿੱਸੇ ਦੇ 50% ਦੇ ਬਰਾਬਰ ਹੋਵੇਗੀ, ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਦੁਆਰਾ ਪ੍ਰੋਜੈਕਟ ਵਿੱਚ ਸ਼ਾਮਿਲ ਹੋਣ ਲਈ ਲਿਖਤੀ ਰਜਾਮੰਦੀ ਦੇਣ ਉਪਰੰਤ ਦੇਣੀ ਹੋਵੇਗੀ ਅਤੇ ਦੂਜੀ ਕਿਸ਼ਤ ਟੋਭੇ ਦੇ ਮੁੜ ਨਿਰਮਾਣ ਦੀ ਉਸਾਰੀ ਦੇ ਕੰਮ ਦਾ ਠੇਕਾ ਦੇਣ ਤੋਂ ਪਹਿਲਾਂ ਦੇਣੀ ਹੋਵੇਗੀ।

**ਸੰਚਾਲਣ ਅਤੇ ਰੱਖ ਰਖਾਵ**

ਟੋਬਿਆਂ ਦੇ ਮੁੜ ਨਿਰਮਾਣ ਦਾ ਕੰਮ ਮੁਕੰਮਲ ਹੋਣ ਉਪਰੰਤ ਇਸ ਦਾ ਸੰਚਾਲਨ ਅਤੇ ਰੱਖ ਰਖਾਓ (O&M) ਪਿੰਡ ਵਾਸੀਆਂ ਵੱਲੋਂ ਬਣਾਈ ਕਮੇਟੀ ਦੁਆਰਾ ਕੀਤਾ ਜਾਵੇਗਾ। ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਲਾਭਪਾਤਰੀਆਂ ਤੋਂ ਰੱਖ ਰਖਾਵ ਅਤੇ ਸੰਚਾਲਨ ਤੇ ਹੋਣ ਵਾਲੇ ਖਰਚੇ ਦੀ ਪੂਰੀ ਵਸੂਲੀ ਕਰੇਗੀ ਜੋ ਕਿ ਅੰਦਾਜਨ 10 ਰੁਪਏ ਪ੍ਰਤੀ ਮਹੀਨਾ ਪ੍ਰਤੀ ਘਰ ਹੋਵੇਗੀ। ਸਾਂਭ ਸੰਭਾਲ ਦਾ ਕੰਮ ਠੇਕੇ ਤੇ ਵੀ ਕਿਸੇ ਏਜੰਸੀ/ਠੇਕੇਦਾਰ ਤੋਂ ਕਰਵਾਇਆ ਜਾ ਸਕਦਾ ਹੈ ਅਤੇ ਠੇਕੇ ਦੀ ਰਕਮ ਦੀ ਅਦਾਇਗੀ ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਦੁਆਰਾ ਕੀਤੀ ਜਾਵੇਗੀ।